

## ਰੋਗ ਪ੍ਰਤਿਰੋਧਕ ਦਾ ਕੀ ਮਤਲਬ ਹੈ?

ਰੋਗ ਪ੍ਰਤਿਰੋਧਕ ਤੁਹਾਡੇ ਸਰੀਰ ਦੇ ਰੋਗ ਦਾ ਵਿਰੋਧ ਕਰਨ ਜਾਂ ਲੜ੍ਹਨ ਦੀ ਯੋਗਤਾ ਹੈ।ਤੁਹਾਡਾ ਰੋਗ ਪ੍ਰਤਿਰੋਧਕ ਸਿਸਟਮ ਤੁਹਾਡੇ ਸਰੀਰ ਵਿੱਚ ਸੈੱਲਾਂ ਦਾ ਇਕ ਨੈਟਵਰਕ ਹੈ ਜੋ ਤੁਹਾਨੂੰ ਸਿਹਤਮੰਦ ਅਤੇ ਸੁਰੱਖਿਅਤ ਰਹਿਣ ਵਿਚ ਸਹਾਇਤਾ ਕਰਦਾ ਹੈ, ਅਤੇ ਜਦੋਂ ਲੱਗ ਜਾਂਦਾ ਹੈ ਤਾਂ ਤੁਹਾਨੂੰ ਠੀਕ ਹੋਣ ਵਿਚ ਸਹਾਇਤਾ ਕਰਦਾ ਹੈ।




## ਵੈਕਸਿਨਾਂ ਕਿਵੇਂ ਕੰਮ ਕਰਦੀਆਂ ਹਨ?

ਵੈਕਸੀਨ ਸਾਡੀ ਰੋਗ ਪ੍ਰਤਿਰੋਧਕ ਪ੍ਰਣਾਲੀ ਨੂੰ ਬਿਮਾਰੀ ਨਾਲ ਲੜਣ ਲਈ ਪ੍ਰੋਟੀਨ ਬਣਾਉਣ ਲਈ ਤਿਆਰ ਕਰਦੀ ਹੈ ਜਿਸ ਨੂੰ 'ਐਂਟੀਬਾਡੀਜ਼' ਵਜੋਂ ਜਾਣਿਆ ਜਾਂਦਾ ਹੈ ਤੇ ਜਦੋਂ ਅਸੀਂ ਕਿਸੇ ਬਿਮਾਰੀ ਦੇ ਸੰਪਰਕ ਵਿੱਚ ਹਾਂ ਤਾਂ ਵੈਕਸੀਨ ਸਾਨੂੰ ਬਿਮਾਰ ਹੋਣ ਤੋਂ ਬਚਾਉਂਦੀ ਹੈ।



## ਵੈਕਸਿਨ ਲਈ ਕੌਣ ਯੋਗ ਹੈ?

ਤੁਹਾਡੀ ਇਮੀਗ੍ਰੇਸ਼ਨ ਜਾਂ ਨਾਗਰਿਕਤਾ ਸਥਿਤੀ ਦੀ ਪਰਵਾਹ ਕੀਤੇ ਬਿਨਾਂ, COVID-19ਵੈਕਸਿਨ ਲਗਵਾਉਣਾ ਉਨ੍ਹਾਂ ਸਾਰਿਆਂ ਲਈ ਹੈ ਜਿਹੜੇ 12 ਜਾਂ ਵੱਧ ਉਮਰ ਦੇ ਹਨ। ਤੁਹਾਨੂੰ COVID-19 ਵੈਕਸਿਨ ਲਗਵਾਉਣ ਲਈ ਰਾਜ ਦੁਆਰਾ ਜਾਰੀ ਕੀਤੀ ਗਈID ਜਾਂ ਬੀਮੇ ਦੀ ਜ਼ਰੂਰਤ ਨਹੀਂ ਹੈ। ਟੀਕਾ ਕਰਣ ਦੀ ਗਿਣਤੀ ਜਨਤਕ ਚਾਰਜ ਨਿਯਮ ਤਹਿਤ ਨਹੀਂ ਕੀਤੀ ਜਾਂਦੀ।




## COVID-19ਟੈਸਟਿੰਗ ਅਤੇ ਇਲਾਜ਼ ਦੇ ਯੋਗ ਕੌਣ ਹੈ?

ਪਰਵਾਸੀਆਂ ਸਮੇਤ, ਸਾਰੇ ਯੋਗ ਨਿਊਯਾਰਕ ਨਿਵਾਸੀਆਂ ਲਈ ਟੈਸਟਿੰਗ ਹੈ। ਜੇ ਤੁਸੀਂ ਨਾਗਰਿਕ ਨਹੀਂ ਹੋ ਜਾਂ ਤੁਹਾਡੇ ਕੋਲ ਬੀਮਾ ਨਹੀਂ ਹੈ, ਤਾਂ ਵੀ ਤੁਸੀਂ ਬਿਨਾਂ ਕਿਸੇ ਕੀਮਤ ਦੇ ਮੁਫਤ COVID-19 ਟੈਸਟਿੰਗ ਅਤੇ ਇਲਾਜ ਕਰਵਾ ਸਕਦੇ ਹੋ।



## ਕਮਿਊਨਿਟੀ ਰੂਪ ਵਿੱਚ ਰੋਗ ਪ੍ਰਤਿਰੋਧਕ ਕਿਵੇਂ ਕੰਮ ਕਰਦਾ ਹੈ?

ਇਸਨੂੰ ਇਕੱਠ ਰੂਪ ਵਿੱਚ ਰੋਗ ਪ੍ਰਤਿਰੋਧਕ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ।ਕਮਿਊਨਿਟੀ ਰੋਗ ਪ੍ਰਤਿਰੋਧਕ ਸਾਰੀ ਆਬਾਦੀ ਅੰਦਰ ਬਿਮਾਰੀ ਦੇ ਖ਼ਤਰੇ ਨੂੰ ਘਟਾਉਂਦੀ ਹੈ। ਇਹ ਉਦੋਂ ਹੁੰਦਾ ਹੈ ਜਦੋਂ ਕਮਿਊਨਿਟੀ ਦਾ ਇੱਕ ਵੱਡਾ ਹਿੱਸਾ ਵੈਕਸਿਨ ਲਗਵਾ ਲੈਂਦਾ ਹੈ, ਜਿਸਦੇ ਨਾਲ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ COVID-19 ਦਾ ਪ੍ਰਸਾਰ ਰੁੱਕ ਜਾਂਦਾ ਹੈ।ਨਤੀਜੇ ਵਜੋਂ, ਸਾਰੀ ਕਮਿਊਨਿਟੀ ਸੁਰੱਖਿਅਤ ਹੋ ਜਾਂਦੀ ਹੈ।



## ਜੇ ਤੁਸੀਂ ਵੈਕਸਿਨ ਲਗਵਾਉਂਦੇ ਹੋ ਤਾਂ ਤੁਸੀਂ ਕਿਸ ਦੀ ਰੱਖਿਆ ਕਰੋਗੇ?

ਵੈਕਸਿਨ ਲਗਵਾਉਣ ਨਾਲ ਸਾਡੀ ਕਮਿਊਨਿਟੀ ਦੇ ਸਭ ਤੋਂ ਕਮਜ਼ੋਰ (ਜੋ ਜੋਖਮ 'ਤੇ ਹਨ) ਮੈਂਬਰਾਂ ਦੀ ਸੁਰੱਖਿਆ ਹੋਵੇਗੀ, ਜਿਸ ਵਿੱਚ ਬਜ਼ੁਰਗ,ਘੱਟ ਰੋਗ ਪ੍ਰਤਿਰੋਧਕ ਵਾਲੇ ਲੋਕ ਅਤੇ ਬੱਚੇ ਹਨ। ਵੈਕਸਿਨ ਲਗਵਾਉਣਾ ਅਤੇ ਜਨਤਕ ਸਿਹਤ ਹਦਾਇਤਾ ਦਾ ਪਾਲਣ ਕਰਨਾ ਤੁਹਾਡੀ ਅਤੇ ਤੁਹਾਡੇ ਪਿਆਰਿਆਂ ਦੀ ਸੁਰੱਖਿਆ ਦਾ ਸਭ ਤੋਂ ਵਧੀਆ ਤਰੀਕਾ ਹੈ।

**ਜੇ ਤੁਹਾਨੂੰCOVID-19 ਹੋਇਆ ਹੈ, ਤਾਂ ਅਜੇ ਵੀ ਤੁਹਾਨੂੰ ਇੱਕ ਵੈਕਸਿਨ ਲਗਵਾਉਣੀ ਚਾਹੀਦੀ ਹੈ! ਇਸ ਬਾਰੇ ਆਪਣੇ ਡਾਕਟਰ ਨਾਲ ਸਲਾਹ ਕਰੋ।**



# ਵੈਕਸੀਨ ਸੁਰੱਖਿਆ ਕਰਦੀ ਹੈ ਸਾਡੇ ਪਰਿਵਾਰ ਅਤੇ ਸਾਡੀ ਕਮਿਊਨਿਟੀ ਦੀ

ਜਨਤਕ ਹਸਪਤਾਲਾਂ, ਐਮਰਜੈਂਸੀ ਕਮਰਿਆਂ, COVID-19 ਟੈਸਟਿੰਗ ਅਤੇ ਟੀਕਾ ਕਰਣ ਸਥਾਨਾਂ, ਮੁਫਤ ਕਲੀਨਿਕਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਵਿਖੇ ਦੇਖਭਾਲ ਕਰਨਾ ਸੁਰੱਖਿਅਤ ਅਤੇ ਸਮਾਰਟ ਹੈ। ਆਪਣਾ, ਆਪਣੇ ਪਰਿਵਾਰ ਦਾ, ਅਤੇ ਆਪਣੀ ਕਮਿਊਨਿਟੀ ਦਾ ਧਿਆਨ ਰੱਖੋ।

### ਨਿਊਯਾਰਕ ਸ਼ਹਿਰ ਵਿੱਚ ਵੈਕਸਿਨ ਕਿਵੇਂ ਲਗਵਾਈਏ:

ਵੈਕਸਿਨ ਦੇ ਲਈਔਨਲਾਈਨ ਅਪੌਇੰਟਮੈਂਟਲੈਣ ਲਈ vax4nyc.nyc.gov 'ਤੇ ਜਾਓ। ਫ਼ੋਨ ਦੁਆਰਾ ਅਪੌਇੰਟਮੈਂਟ ਲੈਣ ਲਈ **877-VAX-4NYC** ਜਾਂ **877-829-4692** 'ਤੇ ਕਾਲ ਕਰੋ। ਵਾਕ-ਇਨ ਅਪੌਇੰਟਮੈਂਟ ਵਿਕਲਪਾਂ ਦੀ ਪੇਸ਼ਕਸ਼ ਕਰਨ ਵਾਲੀ ਜਗ੍ਹਾ ਲੱਭਣ ਲਈ, https://vaccinefinder.nyc.gov/ 'ਤੇ ਜਾਓ

### ਨਿਊਯਾਰਕ ਰਾਜ ਵਿੱਚ ਵੈਕਸਿਨ ਕਿਵੇਂ ਲਗਵਾਈਏ:

ਆਪਣੀ ਯੋਗਤਾ ਦੀ ਜਾਂਚ ਅਤੇ ਆਪਣੀ ਵੈਕਸਿਨ ਦੀ ਅਪੌਇੰਟਮੈਂਟ ਲਈ https://covid19vaccine.health.ny.gov'ਤੇ ਲਵੋਜਾਂ ਆਪਣੀ ਅਪੌਇੰਟਮੈਂਟ ਨੂੰ ਤਹਿ ਕਰਨ ਲਈ ਨਿਊਯਾਰਕ ਰਾਜ ਟੀਕਾਕ ਰਣ ਹੌਟਲਾਈਨ ਨੂੰ ਕਾਲ ਕਰੋ: **1-833-NYS-4VAX (1-833-697-4829)**

This resource is supported by the Centers for Disease Control and Prevention (CDC) of the U.S. Department of Health and Human Services (HHS) as part of a financial assistance award totaling $3,300,000 with 75 percent funded by CDC/HHS. The contents are those of the author(s) and do not necessarily represent the official views of, nor an endorsement by, CDC/HHS, or the U.S. Government.

NYU Langone Health
NYU CENTER FOR THE STUDY OF ASIAN AMERICAN HEALTH
CACF Coalition For Asian American Children+Families
APIAHF ASIAN & PACIFIC ISLANDER AMERICAN HEALTH FORUM